ਸ਼੍ਰੇਣੀ ਪੰਜਵੀਂ
ਪੰਜਾਬੀ (ਪਹਿਲੀ ਭਾਸ਼ਾ)

ਸਮਾ: 3 ਘੰਟੇ

ਲਿਖਤੀ :80 ਅੰਕ
ਸੀ.ਸੀ.ਈ. :20 ਅੰਕ
ਕੁਲ :100 ਅੰਕ

## ਪ੍ਰਸ਼ਨ-ਪੱਤਰ ਦੀ ਰੂਪਰੇਖਾ

| ਲੜੀ ਨੰ | ਵਿਸ਼ਾ | ਅੰਕ |
|---|---|---|
| | ਸੁੰਦਰ ਲਿਖਾਈ | 10 |
| 1. | ਦਿੱਤੇ ਗਏ ਪੈਰੇ/ ਤਸਵੀਰਾਂ ਨੂੰ ਪੜ੍ਹਨਾ, ਸਮਝਣਾ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣਾ (ਪਾਠ-ਪੁਸਤਕ ਅਧਾਰਿਤ/ ਅਣਡਿੱਠਾ) | 5×2=10 |
| 2. | ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣਾ | 15×1=15 |
| 3. | ਲਘੂ ਪ੍ਰਸ਼ਨਾਂ ਦੇ ਉੱਤਰ ਦੇਣਾ | 5×2=10 |
| 4. | ਦਿੱਤੇ ਗਏ ਸ਼ਬਦਾਂ ਦੇ ਅਰਥ ਲਿਖਣਾ / ਲਿੰਗ / ਵਚਨ / ਵਿਰੋਧੀ ਸ਼ਬਦ | 5×1=5 |
| 5. | ਦਿੱਤੇ ਗਏ ਸ਼ਬਦਾਂ ਦੇ ਵਾਕ ਬਣਾਉਣਾ | 2×2=4 |
| 6. | ਦਿੱਤੇ ਤੁਕਾਂਤਾਂ ਤੋਂ ਕਾਵਿ ਸਤਰਾਂ ਬਣਾਉਣਾ/ਕਵਿਤਾ ਦੀਆਂ ਸਤਰਾਂ ਲਿਖਣਾ | 5×1=5 |
| 7. | ਦਿੱਤੇ ਗਏ ਚਿੱਤਰ ਨੂੰ ਦੇਖ ਕੇ ਸਤਰਾਂ ਲਿਖਣਾ/ ਦਿੱਤੀਆਂ ਤਸਵੀਰਾਂ ਦੀ ਪਹਿਚਾਣ ਕਰਨਾ | 1×5=5 |
| 8. | ਦਿੱਤੇ ਗਏ ਵਿਸ਼ੇ 'ਤੇ ਅਰਜ਼ੀ ਲਿਖਣਾ | 1×6=6 |
| 9. | ਦਿੱਤੇ ਗਏ ਵਿਸ਼ੇ 'ਤੇ ਲੇਖ ਲਿਖਣਾ | 1×10=10 |

ਉਦੇਸ਼

1. ਪੜ੍ਹਨਾ

(ੳ) ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤਿ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਤੇ ਪ੍ਰਭਾਸ਼ਵਾਲੀ ਢੰਗ ਨਾਲ਼ ਬੋਲ ਕੇ ਪੜ੍ਹ ਸਕੇ।

(ਅ) ਲੋੜੀਂਦੀ ਗਤੀ ਨਾਲ਼ ਅਤੇ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ ਮੂੰਹ ਵਿੱਚ ਹੀ ਪੜ੍ਹ ਸਕੇ।

(ੲ) ਅਖ਼ਬਾਰ, ਬਾਲ-ਰਿਸਾਲੇ (ਬਾਲ-ਸਾਹਿਤ) ਵਿੱਚੋਂ ਮਨ-ਪਰਚਾਵੇ ਲਈ ਚੋਣਵੀਂਆਂ ਰਚਨਾਵਾਂ ਪੜ੍ਹ ਸਕੇ।

(ਸ) ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰ ਸਕੇ।

(ਹ) ਪੰਜਾਬੀ ਦੇ ਸ਼ਬਦ-ਕੋਸ਼ ਦੀ ਵਰਤੋਂ ਕਰ ਸਕੇ।

2. ਗ੍ਰਹਿਣ ਕਰਨਾ

**(i)** ਸੁਣ ਕੇ

(ੳ) ਵਿਦਿਆਰਥੀ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠਾਂ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ ।

(ੲ) ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਵੇਖੇ, ਸੁਣੇ ਪ੍ਰੋਗ੍ਰਾਮ ਆਦਿ ਨੂੰ ਸਮਝ ਅਤੇ ਸਲਾਹ ਸਕੇ ।

(ਸ) ਕਿਸੇ ਦਾ ਬੋਲਿਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ।

**(ii)** ਪੜ੍ਹ ਕੇ

(ੳ) ਵਿਦਿਆਰਥੀ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਨ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਗਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕੇ ।

(ੲ) ਆਪਣੀ ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਨੂੰ ਗ੍ਰਹਿਣ ਕਰ ਸਕੇ ।

(ਸ) ਕਿਸੇ ਨੋਟਿਸ, ਇਸ਼ਤਿਹਾਰ ਅਤੇ ਮੱਾਟੋ ਆਦਿ ਨੂੰ ਪੜ੍ਹ ਕੇ ਉਸ ਦਾ ਭਾਵ ਸਮਝ ਸਕੇ ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਆਦਿ ਦੇ ਭਾਵਾਂ ਨੂੰ ਸਮਝ ਸਕੇ ।

(ਕ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕੇ।

3. ਪ੍ਰਗਟਾਅ

**(i)** ਮੌਖਿਕ

(ੳ) ਵਿਦਿਆਰਥੀ ਆਦਰ-ਭਾਵ ਅਤੇ ਠਰ੍ਹੰਮੇ ਨਾਲ਼ ਬੋਲ ਸਕੇ ।

(ਅ) ਗੱਲ-ਬਾਤ ਵਿੱਚ ਭਾਗ ਲੈ ਸਕੇ ਅਤੇ ਉਸ ਨੂੰ ਨਾਟਕੀ ਰੂਪ ਦੇ ਸਕੇ ।

(ੲ) ਸਹੀ ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ ਪੰਜਾਬੀ ਬੋਲ ਸਕੇ ।

(ਸ) ਸੁਣੀ ਜਾਂ ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ ।

**(ii)** ਲਿਖਤੀ

(ੳ) ਵਿਦਿਆਰਥੀ ਸ਼ਬਦਾਂ, ਵਾਕਾਂ ਤੇ ਪੈਰਿਆਂ ਨੂੰ ਸੁਣ ਕੇ ਲੋੜੀਂਦੀ ਗਤੀ ਨਾਲ਼ ਸ਼ੁੱਧ ਲਿਖ ਸਕੇ ।

(ਅ) ਲਿਖਣ ਵੇਲੇ ਪੂਰਨ ਵਿਸਰਾਮ-ਚਿੰਨ੍ਹ, ਪ੍ਰਸ਼ਨਾਵਾਚਕ-ਚਿੰਨ੍ਹ, ਵਿਸਮਿਕ ਚਿੰਨ੍ਹ ਅਤੇ ਜੋੜਨੀ ਆਦਿ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ ।

(ੲ) ਪਾਠ-ਪੁਸਤਕ ਵਿਚਲੇ ਪਾਠਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਵੀ ਲਿਖ ਸਕੇ ।

(ਸ) ਦਿੱਤੀ ਗਈ ਵਿਚਾਰ ਸਮਗਰੀ ਨੂੰ ਲੋੜੀਂਦੀ ਤਰਤੀਬ ਦੇ ਕੇ ਲਿਖ ਸਕੇ ।

(ਹ) ਆਪਣੀ ਲਿਖਤ ਵਿੱਚ ਕਾਲਪਨਿਕ ਦ੍ਰਿਸ਼ਾਂ ਦਾ ਵਰਨਣ ਕਰ ਸਕੇ ।

4. ਲਿਖਤ ਰਚਨਾ

(ੳ) ਵਿਦਿਆਰਥੀ ਪਿਕਨਿਕ, ਮੇਲਾ, ਤਿਉਹਾਰ, ਕਿਸੇ ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉਤੇ ਨਿੱਕੇ-ਨਿੱਕੇ ਪੈਰੇ ਜਾਂ ਲੇਖ ਲਿਖ ਸਕੇ ।

(ਅ) ਸਧਾਰਨ-ਪੱਤਰ ਅਤੇ ਬਿਨੈ-ਪੱਤਰ ਆਦਿ ਲਿਖ ਸਕੇ ।

(ੲ) ਦਿੱਤੇ ਹੋਏ ਸੰਕੇਤਾਂ ਤੇ ਆਧਾਰਿਤ ਕਹਾਣੀ ਲਿਖ ਸਕੇ ।

(ਸ) ਰਚਨਾਤਮਿਕ ਅਭਿਆਸ ਲਈ ਸਰਲ ਭਾਂਤ ਦੀ ਤੁਕਬੰਦੀ, ਕਹਾਣੀ, ਵਾਰਤਾਲਾਪ, ਲੇਖ ਆਦਿ ਲਿਖ ਸਕੇ ।

ਨਿਯਤ ਪਾਠ-ਪੁਸਤਕ

ਪੰਜਾਬੀ ਪੁਸਤਕ-5 (ਪਹਿਲੀ ਭਾਸ਼ਾ) (ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)

# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰਸ਼ਨ ਪੱਤਰ ਦੀ ਰੂਪ-ਰੇਖਾ , ਮਾਰਚ 2021

ਜਮਾਤ: ਪੰਜਵੀਂ

ਵਿਸ਼ਾ-ਪੰਜਾਬੀ (ਦੂਜੀ ਭਾਸ਼ਾ)

ਸਮਾਂ–ਤਿੰਨ ਘੰਟੇ

ਲਿਖਤੀ: 70+10 (ਸੁੰਦਰ ਲਿਖਾਈ): 80 ਅੰਕ

ਅੰਦਰੂਨੀ ਮੁਲਾਂਕਣ: 20 ਅੰਕ

ਕੁੱਲ ਅੰਕ: 100

| | | | |
|---|---|---|---|
| ਪ੍ਰਸ਼ਨ ਨੰ . 1 | ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿਚੋਂ ਚਾਰ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ । | 4X2 | 8 |
| ਪ੍ਰਸ਼ਨ ਨੰ . 2 | ਪਾਠ-ਪੁਸਤਕ ਵਿੱਚੋਂ 12 ਪ੍ਰਸ਼ਨਾਂ ਦੇ ਕੇ ਕਿਸੇ 10 ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿਚੋਂ ਚੁਣ ਕੇ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 10 ਅੰਕ ਹੋਣਗੇ । | 10X1 | 10 |
| ਪ੍ਰਸ਼ਨ ਨੰ . 3 | ਪਾਠ-ਪੁਸਤਕ ਵਿੱਚੋਂ 10 ਪ੍ਰਸ਼ਨ ਦੇ ਕੇ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਇੱਕਜਾਂ ਦੋ ਵਾਕਾਂ ਵਿੱਚ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 14 ਅੰਕ ਹੋਣਗੇ । | 7X2 | 14 |
| ਪ੍ਰਸ਼ਨ ਨੰ . 4 | ਪਾਠ-ਪੁਸਤਕ ਵਿੱਚੋਂ ਪਾਠ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ, ਪੰਜਾਂ ਵਿੱਚੋਂ ਕਿਸੇ ਚਾਰ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 5 | ਪਾਠ-ਪੁਸਤਕ ਵਿੱਚੋਂ ਪਾਠ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ, ਪੰਜਾਂ ਵਿੱਚੋਂ ਕਿਸੇ ਚਾਰ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 6 | ਪਾਠ-ਪੁਸਤਕ ਵਿੱਚੋਂ ਪਾਠ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ, ਪੰਜਾਂ ਵਿੱਚੋਂ ਕਿਸੇ ਚਾਰ ਸ਼ਬਦਾਂ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 7 | ਪਾਠ-ਪੁਸਤਕ ਵਿੱਚੋਂਪਾਠ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ ਦਿੱਤੇ ਗਏ ਸਬਦਾਂ ਵਿੱਚੋਂ ਚੁਣ ਕੇ ਵਾਕਾਂ ਵਿੱਚ ਦਿੱਤੇ ਚਾਰ ਖਾਲੀ-ਸਥਾਨ ਭਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ | 4X1 | 4 |
| ਪ੍ਰਸ਼ਨ ਨੰ . 8 | ਪੰਜਾਂ ਵਿੱਚੋਂ ਕਿਸੇ ਚਾਰ ਸ਼ਬਦਾਂ ਦੇ ਲਿੰਗ ਬਦਲਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 9 | ਪੰਜਾਂ ਵਿੱਚੋਂ ਕਿਸੇ ਚਾਰ ਸ਼ਬਦਾਂ ਦੇ ਵਚਨ ਬਦਲਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 10 | ਦਿੱਤੇ ਗਏ ਤਿੰਨ ਜਾਂ ਚਾਰ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ 'ਤੇ ਲੇਖ ਲਿਖਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 7 ਅੰਕ ਹੋਣਗੇ । | 1X7 | 7 |
| ਪ੍ਰਸ਼ਨ ਨੰ . 11 | ਦਿੱਤੇ ਗਏ ਦੋ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ 'ਤੇ ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 7 ਅੰਕ ਹੋਣਗੇ । | 1X7 | 7 |
| ਪ੍ਰਸ਼ਨ ਨੰ . 12 | ਸੁੰਦਰ ਲਿਖਾਈ | 10 | 10 |
| | ਸਲਾਨਾ ਪਰੀਖਿਆ | | 80 |
| | ਕੁੱਲ ਅੰਕ | | 100 |

**ਨੋਟ:**ਪ੍ਰਸ਼ਨ-ਪੱਤਰ ਦੀ ਇਹ ਰੂਪ-ਰੇਖਾ ਕੇਵਲ ਵਿਦਆਰਥੀਆਂ ਅਤੇ ਅਧਿਆਪਕਾਂ ਦੇ ਪ੍ਰਸ਼ਨ-ਪੱਤਰ ਦਾ ਮੁਹਾਂਦਰਾ ਸਮਝਣ ਲਈ ਹੈ। ਸਲਾਨਾ ਪਰੀਖਿਆ ਦੇ ਪ੍ਰਸ਼ਨ ਪੱਤਰ ਵਿੱਚ ਕੁਝ ਵਿਭੰਨਤਾ ਹੋ ਵੀ ਸਕਦੀ ਹੈ ।

ਉਦੇਸ਼

1. ਪੜ੍ਹਨਾ

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ, ਲੇਖ ਆਦਿ ਪੜ੍ਹ ਸਕੇ।

(ਅ) ਉਹ ਪੰਜਾਬੀ ਦੇ ਅਖ਼ਬਾਰ, ਬਾਲ-ਰਸਾਲੇ, ਇਸਤਿਹਾਰ ਅਤੇ ਚਿੱਠੀ-ਪੱਤਰ ਆਦਿ ਪੜ੍ਹ ਸਕੇ।

(ੲ) ਉਹ ਬੋਲ ਕੇ ਵਿਸਰਾਮ-ਚਿੰਨ੍ਹਾਂ ਅਨੁਸਾਰ ਢੁਕਵੇਂ ਠਹਿਰਾਅ, ਦਬਾਅ ਤੇ ਤਾਨ ਨਾਲ਼ ਪੰਜਾਬੀ ਪੜ੍ਹ ਸਕੇ।

(ਸ) ਉਹ ਚੁੱਪ-ਚਾਪ ਤੇ ਗਤੀ ਨਾਲ਼ ਪੰਜਾਬੀ ਪੜ੍ਹ ਸਕੇ ।

2. ਗ੍ਰਹਿਣ ਕਰਨਾ

(i) ਸੁਣ ਕੇ

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ ।

(ਅ) ਉਹ ਸ੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ ।

(ੲ) ਉਹ ਸ੍ਰੇਣੀ ਜਾਂ ਸਕੂਲ ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ ।

(ਸ) ਉਹ ਰੇਡੀਓ ਅਤੇ ਟੈਲੀਵੀਜ਼ਨ ਤੋਂ ਸੁਣੇ, ਵੇਖੇ ਬੱਚਿਆਂ ਦੇ ਪ੍ਰੋਗਰਾਮ ਆਦਿ ਨੂੰ ਸਮਝ ਅਤੇ ਸਲਾਹ ਸਕੇ ।

(ਹ) ਉਹ ਆਮ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ ।

(ਕ) ਉਹ ਕਿਸੇ ਦਾ ਬੋਲਿਆ ਸੁਣ ਕੇ ਉਸ ਵਿਚਲੇ ਵਿਅੰਗ ਤੇ ਅਵਾਜ਼ ਦੇ ਉਤਰਾਅ ਚੜ੍ਹਾਅ ਦੁਆਰਾ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ।

(ii) ਪੜ੍ਹ ਕੇ

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੀ ਕਹਾਣੀ ਪੜ੍ਹ ਕੇ ਉਸ ਦੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਦੇ ਸਾਰ ਨੂੰ ਸਮਝ ਸਕੇ। ਉਸ ਸੰਬੰਧੀ ਪੁੱਛੇ ਸਧਾਰਨ ਸਵਾਲਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ੲ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਜਾਂ ਸਿੱਖਿਆ ਨੂੰ ਗ੍ਰਹਿਣ ਕਰ ਸਕੇ ।

(ਸ) ਬਾਲ-ਸਾਹਿਤ, ਅਖ਼ਬਾਰ ਅਤੇ ਕੋਈ ਚਿੱਠੀ ਜਾਂ ਰੁੱਕਾ ਪੜ੍ਹ ਕੇ ਸਮਝ ਸਕੇ ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦਾ ਹੋਇਆ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

(ਕ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕੇ ।

3. ਪ੍ਰਗਟਾਅ

**(i)** ਮੌਖਿਕ

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠ ਬਾਰੇ ਪੁੱਛੇ ਨਿੱਕੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

(ਅ) ਪੜ੍ਹੀ ਜਾਂ ਸੁਣੀ ਹੋਈ ਕਿਸੇ ਕਹਾਣੀ ਨੂੰ ਆਪਣੀ ਸ਼ਬਦਾਂ ਵਿੱਚ ਸੁਣਾ ਸਕੇ।

(ੲ) ਆਪਣੇ ਸਾਥੀ ਵਿਦਿਆਰਥੀ ਨਾਲ਼ ਬਿਨ੍ਹਾਂ ਝਿਜਕ ਗੱਲ-ਬਾਤ ਕਰ ਸਕੇ ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਜਾਂ ਕਿਸੇ ਹੋਰ ਪੜ੍ਹਨ-ਸਮਗਰੀ ਵਿੱਚੋਂ ਕੋਈ ਕਵਿਤਾ ਜਾਂ ਗੀਤ ਯਾਦ ਕਰਕੇ ਸੁਣਾ ਸਕੇ।

(ਹ) ਆਪਣੀ ਸ਼੍ਰੇਣੀ ਜਾਂ ਸਕੂਲ ਸਭਾ ਵਿੱਚ ਕੋਈ ਦਿਲਚਸਪ ਗੱਲ ਜਾਂ ਘਟਨਾ ਸੁਣਾ ਸਕੇ।

**(ii)** ਲਿਖਤੀ

(ੳ) ਵਿਦਿਆਰਥੀ ਗੁਰਮੁਖੀ ਅੱਖਰਾਂ ਨੂੰ ਸੋਹਣਾ-ਸੋਹਣਾ ਕਰਕੇ ਅਤੇ ਅੱਖਰਾਂ ਦੀ ਬਣਾਵਟ ਨੂੰ ਆਕਰਸ਼ਕ ਬਣਾ ਕੇ ਲਿਖ ਸਕੇ।

(ਅ) ਪਾਠ-ਪੁਸਤਕ ਵਿੱਚੋਂ ਦਿਲਚਸਪ ਪੈਰੇ ਜਾਂ ਮਨ-ਪਸੰਦ ਕਵਿਤਾ ਦੀਆਂ ਤੁਕਾਂ ਆਦਿ ਨੂੰ ਖ਼ੂਬਸੂਰਤੀ ਨਾਲ ਲਿਖ ਸਕੇ।

(ੲ) ਪਾਠ ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ ।

(ਸ) ਆਪਣੇ ਘਰ ਜਾਂ ਸ੍ਰੇਣੀ ਦੀ ਦੀਵਾਰ ਉੱਤੇ ਲਾਉਣ ਲਈ ਸੋਹਣੇ ਮੱਟੋ ਲਿਖੇ ਸਕੇ ।

(ਹ) ਆਪਣੀ ਲੋੜ ਜਾਂ ਦਿਲਚਸਪੀ ਦੀ ਕੋਈ ਚੀਜ਼ ਨੋਟ ਕਰ ਸਕੇ ।

2. ਲਿਖਤੀ ਰਚਨਾ

(ੳ) ਹੇਠ ਲਿਖਿਆਂ ਵਿੱਚੋਂ ਲਗ-ਪਗ ਵਿਸ਼ਿਆਂ ਬਾਰੇ 15-20 ਵਾਕ ਲਿਖ ਸਕੇ:
ਮੇਰਾ ਬਸਤਾ-ਮੇਰੀ ਕਿਤਾਬ, ਸਾਡਾ ਘਰ-ਸਕੂਲ, ਸਾਡਾ ਪਿੰਡ-ਸ਼ਹਿਰ, ਪਾਲਤੂ ਪਸ਼ੂ ਜਾਂ ਪੰਛੀ, ਡਾਕੀਆ-ਚੌਂਕੀਦਾਰ, ਮੇਰਾ ਅਧਿਆਪਕ, ਦਿਵਾਲੀ, ਦੁਸਹਿਰਾ ਅਤੇ ਵਰਖਾ-ਰੁੱਤ ਆਦਿ।

(ਅ) ਬਿਨੈ-ਪੱਤਰ/ ਚਿੱਠੀਆਂ

i. ਬਿਨੈ-ਪੱਤਰ
ਛੁੱਟੀ ਲੈਣ, ਮੈਚ ਖੇਡਣ ਦੀ ਆਗਿਆ ਲੈਣ, ਜੁਰਮਾਨਾ ਮਾਫ਼ ਕਰਵਾਉਣ ਆਦਿ ਬਾਰੇ ਸਕੂਲ ਦੇ ਮੁਖੀ ਨੂੰ ਬਿਨੈ-ਪੱਤਰ।

ii ਚਿੱਠੀਆਂ :

ਮਿੱਤਰ-ਸਹੇਲੀ, ਸਾਕ-ਸੰਬੰਧੀਆਂ ਨੂੰ ਚਿੱਠੀਆਂ, ਕੁੱਲ ਬਿਨੈ-ਪੱਤਰ-ਚਿੱਠੀਆਂ-10

(ੲ) ਅਧਿਆਪਕ ਜਾਂ ਜਮਾਤ ਵਿੱਚ ਬੋਲ ਕੇ ਲਿਖਵਾਏ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖਣਾ ।

(ਸ) ਪਾਠ-ਅਭਿਆਸ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖਣੇ ।

ਨਿਯਤ ਪਾਠ-ਪੁਸਤਕ

ਪੰਜਾਬੀ ਪੁਸਤਕ-5 (ਦੂਜੀ ਭਾਸ਼ਾ) (ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)